ਮਾਨਯੋਗ ਸ੍ਰੀ ਐਸ ਸੀ ਅਗਰਵਾਲ, ਆਈ ਏ ਐਸ, ਮੁੱਖ ਸਕੱਤਰ, ਪੰਜਾਬ ਸਰਕਾਰ-ਕਮ-ਚੇਅਰਮੈਨ, ਕਾਰਜਕਾਰੀ ਕਮੇਟੀ, ਗਮਾਡਾ ਜੀ ਦੀ ਪ੍ਰਧਾਨਗੀ ਹੇਠ ਮਿਤੀ 27-1-11 ਨੂੰ 3-10 ਵਜੇ ਕਮੇਟੀ ਰੂਮ ਪੰਜਾਬ ਸਿਵਲ ਸਕਤਰੇਤ, ਚੰਡੀਗੜ੍ਹ ਵਿਖੇ ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ (ਗਮਾਡਾ) ਦੀ ਕਾਰਜਕਾਰੀ ਕਮੇਟੀ ਦੀ 13ਵੀਂ ਮੀਟਿੰਗ ਦੀ ਕਾਰਵਾਈ ।

ਮੀਟਿੰਗ ਵਿਚ ਹੇਠ ਲਿਖੇ ਮੈਂਬਰ ਹਾਜਰ ਹੋਏ :-

1) ਸ੍ਰੀ ਐਸ ਐਸ ਰਾਜਪੂਤ, ਆਈ ਏ ਐਸ,
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਸਥਾਨਕ ਸਰਕਾਰ ਵਿਭਾਗ,
ਚੰਡੀਗੜ੍ਹ ।

2) ਸ੍ਰੀ ਸੁਖਬੀਰ ਸਿੰਘ ਸੰਧੂ, ਆਈ ਏ ਐਸ,
ਸਕੱਤਰ, ਪੰਜਾਬ ਸਰਕਾਰ,
ਮਕਾਨ ਉਸਾਰੀ ਤੇ ਸਹਿਰੀ ਵਿਕਾਸ ਵਿਭਾਗ,
ਚੰਡੀਗੜ੍ਹ ।

3) ਸ੍ਰੀ ਦਲੀਪ ਕੁਮਾਰ, ਆਈ.ਏ.ਐਸ.,
ਸਪੈਸਲ ਸਕੱਤਰ, ਵਿੱਤ ਵਿਭਾਗ,
ਪੰਜਾਬ, ਚੰਡੀਗੜ੍ਹ ।

4) ਸ੍ਰੀ ਕੁਲਦੀਪ ਸਿੰਘ,
ਮੁੱਖ ਨਗਰ ਯੋਜਨਾਕਾਰ, ਪੰਜਾਬ,
ਚੰਡੀਗੜ੍ਹ ।

5) ਸ੍ਰੀ ਵਿਵੇਕ ਪ੍ਰਤਾਪ ਸਿੰਘ, ਆਈ ਏ ਐਸ,
ਮੁੱਖ ਪ੍ਰਸਾਸਕ,
ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ,
ਮੋਹਾਲੀ ।

**ਵਿਸੇਸ ਤੌਰ ਤੇ ਸਾਮਿਲ ਅਧਿਕਾਰੀ**

1) ਸ੍ਰੀ ਰਾਜੇਸ ਸੋਢੀ, ਆਈ ਆਰ ਐਸ,
ਵਧੀਕ ਮੁੱਖ ਪ੍ਰਸਾਸਕ (ਮੁੱਖ ਦਫਤਰ),
ਗਮਾਡਾ, ਮੋਹਾਲੀ ।

2) ਸ੍ਰੀ ਬਲਬੀਰ ਸਿੰਘ, ਪੀ.ਸੀ.ਐਸ.,
ਮਿਲਖ ਅਫਸਰ, ਗਮਾਡਾ, ਮੋਹਾਲੀ ।

3) ਸ੍ਰੀ ਸਤੀਸ ਬਾਂਸਲ,
ਚਾਰਟਰਡ ਅਕਾਊਂਟੈਂਟ,
ਬਾਂਸਲ ਸਤੀਸ ਐਂਡ ਐਸੋਸੀਏਟਸ,
ਚੰਡੀਗੜ੍ਹ ।

Scanned by CamScanner

ਅਜੰਡੇ ਦੀਆਂ ਮੱਦਾ ਨੂੰ ਲੜੀ ਵਾਰ ਵਿਚਾਰਿਆ ਗਿਆ ਅਤੇ ਵਿਚਾਰਨ ਉਪਰੰਤ ਹੇਠ ਲਿਖੇ ਅਨੁਸਾਰ ਫੈਸਲੇ ਲਏ ਗਏ ।

ਮੱਦ ਨੰ: 13.01

**ਗਮਾਡਾ ਦੀ ਕਾਰਜਕਾਰੀ ਕਮੇਟੀ ਦੀ ਬਾਰਵੀਂ ਮੀਟਿੰਗ ਜੋ ਮਿਤੀ 15-12-2010 ਨੂੰ ਹੋਈ ਦੀ ਕਾਰਵਾਈ ਦੀ ਪੁਸਟੀ ਕਰਨ ਬਾਰੇ ।**

ਕਾਰਜਕਾਰੀ ਕਮੇਟੀ ਵੱਲੋ ਕਾਰਵਾਈ ਦੀ ਪੁਸਟੀ ਕੀਤੀ ਗਈ ।

ਮੱਦ ਨੰ: 13.02

**ਗਮਾਡਾ ਦੀ ਕਾਰਜਕਾਰੀ ਕਮੇਟੀ ਦੀ ਮਿਤੀ 15-12-2010 ਨੂੰ ਹੋਈ ਬਾਰਵੀਂ ਮੀਟਿੰਗ ਵਿਚ ਲਏ ਗਏ ਫੈਸਲਿਆਂ ਅਨੁਸਾਰ ਕੀਤੀ ਕਾਰਵਾਈ ।**

ਕਾਰਜਕਾਰੀ ਕਮੇਟੀ ਵੱਲੋ ਕੀਤੀ ਗਈ ਕਾਰਵਾਈ ਨੂੰ ਨੋਟ ਕੀਤਾ ਗਿਆ ਅਤੇ ਤਸੱਲੀ ਪ੍ਰਗਟਾਈ ਗਈ।

ਮੱਦ ਨੰ: 13.03

**ਚੱਪੜ-ਚਿੜੀ ਵਿਖੇ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਯਾਦ ਵਿਚ ਮੈਮੋਰੀਅਲ ਸਥਾਪਤ ਕਰਨ ਲਈ ਸਰਕਾਰ ਦੀਆਂ ਹਦਾਇਤਾਂ ਤੇ ਫੰਡਜ ਜਾਰੀ ਕਰਨ ਸਬੰਧੀ ।**

ਮੱਦ ਵਿਚ ਦੱਸੇ ਤੱਥਾਂ ਤੇ ਵਿਚਾਰ ਕਰਨ ਉਪਰੰਤ ਬਾਬਾ ਬੰਦਾ ਸਿੰਘ ਬਹਾਦਰ ਦੀ ਯਾਦ ਵਿਚ ਮੈਮੋਰੀਅਲ ਸਥਾਪਤ ਕਰਨ ਲਈ ਫੰਡਜ ਜਾਰੀ ਕਰਨ ਦੀ ਕਾਰਜ-ਬਾਅਦ ਪ੍ਰਵਾਨਗੀ ਦੇ ਦਿੱਤੀ ਗਈ ।

ਮੱਦ ਨੰ: 13.04

**ਅਸੈਸਮੈਂਟ ਸਾਲ 2008-09 ਲਈ 7.76 ਕਰੋੜ ਰੁਪਏ ਇਨਕਮ ਟੈਕਸ ਜਮ੍ਹਾਂ ਕਰਵਾਉਣ ਬਾਰੇ।**

ਸ੍ਰੀ ਸਤੀਸ ਬਾਂਸਲ, ਚਾਰਟਰਡ ਅਕਾਊਂਟੈਂਟ ਨੇ ਕਮੇਟੀ ਨੂੰ ਕੇਸ ਦੇ ਸਾਰੇ ਤੱਥਾਂ ਤੋ ਜਾਣੂ ਕਰਵਾਉਂਦੇ ਹੋਏ ਸੂਚਿਤ ਕੀਤਾ ਕਿ ਗਮਾਡਾ ਕੋਲ ਅਜੇ ਅਪੀਲ ਪਾਉਣ ਦੇ ਰਾਹ ਖੁੱਲੇ ਹਨ । ਆਮਦਨ ਕਰ ਵਿਭਾਗ ਤੋ ਪ੍ਰਾਪਤ ਡਿਮਾਂਡ ਨੋਟ ਸਬੰਧੀ ਸਟੇਅ ਪ੍ਰਾਪਤ ਕਰਨ ਲਈ ਪਹਿਲਾਂ ਹੀ ਕਮਿਸਨਰ, ਇਨਕਮ ਟੈਕਸ ਕੋਲ ਅਪੀਲ ਪਾ ਦਿੱਤੀ ਗਈ ਹੈ । ਕਮੇਟੀ ਨੇ ਕੇਸ ਦੇ ਸਾਰੇ ਪਹਿਲੂਆਂ ਤੇ ਵਿਚਾਰ ਕਰਨ ਉਪਰੰਤ ਫੈਸਲਾ ਕੀਤਾ ਕਿ ਇਸ ਸਟੇਜ ਤੇ ਇਨਕਮ ਟੈਕਸ ਜਮ੍ਹਾ ਨਾ ਕਰਵਾਇਆ ਜਾਵੇ ਅਤੇ ਇਨਕਮ ਟੈਕਸ ਵਿਭਾਗ ਵੱਲੋ ਜਾਰੀ ਕੀਤੀ ਗਈ ਡਿਮਾਂਡ ਨੂੰ ਸਟੇਅ ਕਰਵਾਉਣ ਲਈ ਹਰ ਸੰਭਵ ਯਤਨ ਕੀਤੇ ਜਾਣ ।

ਮੱਦ ਨੰ: 13.05

**ਐਰੋਸਿਟੀ ਸਕੀਮ ਅਧੀਨ ਬਿਨੈਕਾਰਾਂ ਵੱਲੋ ਦਿੱਤੇ ਬਿਨੈ ਪੱਤਰ ਡਰਾਅ ਵਿਚ ਸਫਲ ਹੋਣ ਤੇ ਅਯੋਗ ਪਾਉਣ ਕਰਕੇ ਜਮ੍ਹਾ ਕਰਵਾਈ ਗਈ ਜਮਾਨਤੀ ਰਕਮ ਵਾਪਸ ਕਰਨ ਅਤੇ ਪੇਮੈਂਟ ਪਲਾਨ ਬਦਲਣ ਬਾਰੇ ।**

ਕਾਰਜਕਾਰੀ ਕਮੇਟੀ ਨੇ ਮੱਦ ਵਿਚ ਦਿੱਤੀ ਲੜੀ ਨੰਬਰ 1 ਅਤੇ 2 ਤੇ ਦਿੱਤੀ ਤਜਵੀਜ ਦੀ ਪ੍ਰਵਾਨਗੀ ਦੇ ਦਿੱਤੀ । ਜੇਕਰ ਦਫਤਰ ਵੱਲੋਂ ਪਲਾਟ ਦੀ ਅਲਾਟਮੈਂਟ ਸਬੰਧੀ ਐਲ.ਓ.ਆਈ. ਜਾਰੀ ਕਰ ਦਿੱਤੀ ਜਾਂਦੀ ਹੈ ਅਤੇ ਬਿਨੈਕਾਰ ਵੱਲੋ ਉਸਨੂੰ ਪ੍ਰਵਾਨ ਕਰ ਲਿਆ ਜਾਂਦਾ ਹੈ ਤਾਂ ਇਸ

Scanned by CamScanner

ਉਪਰੰਤ ਵਿਨੈਕਾਰ ਅਯੋਗ ਪਾਉਣ ਤੇ ਬਰੋਸਰ ਦੀਆਂ ਸਰਤਾਂ ਅਨੁਸਾਰ ਜਮ੍ਹਾ ਕਰਵਾਈ ਰਕਮ ਦੀ ਕਟੌਤੀ ਕੀਤੀ ਜਾਵੇ।

ਮੱਦ ਨੰ: 13.06

ਐਗਸਿਟੀ ਲਈ ਪ੍ਰਾਪਤ ਕੀਤੀ ਗਈ ਭੋਂ ਵਿਚ ਭੋਂ ਮਾਲਕਾਂ ਵੱਲੋ ਲੈਂਡ ਪੂਲਿੰਗ ਸਕੀਮ ਤਹਿਤ ਦਿੱਤੀਆਂ ਸਹਿਮਤੀਆਂ ਵਿਰੁੱਧ ਜਾਰੀ ਕੀਤੇ ਐਲ.ਓ.ਆਈ. ਦੀ ਤਬਦੀਲੀ ਬਾਰੇ ।

ਪ੍ਰਵਾਨ ਹੈ ।

ਮੱਦ ਨੰ: 13.07

ਸਾਹਿਬਜਾਦਾ ਅਜੀਤ ਸਿੰਘ ਨਗਰ ਦੇ ਫੇਜ-11 ਵਿਖੇ ਗਮਾਡਾ ਦੀ ਭੋਂ ਪੰਜਾਬ ਮੰਡੀ ਬੋਰਡ ਨੂੰ ਤਬਦੀਲ ਕਰਨ ਬਾਰੇ ।

ਕਾਰਜਬਾਅਦ ਪ੍ਰਵਾਨਗੀ ਦਿੱਤੀ ਗਈ ।

ਮਾਨਯੋਗ ਚੇਅਰਮੈਨ ਜੀ ਦੀ ਪ੍ਰਵਾਨਗੀ ਨਾਲ ਹੇਠ ਲਿਖੀਆਂ ਮੱਦਾਂ ਤੇ ਵਿਚਾਰ ਕੀਤਾ ਗਿਆ:-

(1) ਕਰਮਚਾਰੀਆਂ ਨੂੰ ਸੋਧੇ ਹੋਏ ਸਕੇਲਾਂ ਦੇ ਏਰੀਅਰ ਦੀ ਅਦਾਇਗੀ ਕਰਨ ਬਾਰੇ ।

ਕਮੇਟੀ ਦੇ ਧਿਆਨ ਵਿਚ ਲਿਆਂਦਾ ਗਿਆ ਕਿ ਪੰਜਾਬ ਸਰਕਾਰ ਵੱਲੋ ਆਪਣੇ ਕਰਮਚਾਰੀਆਂ ਨੂੰ ਵੱਧੇ ਹੋਏ ਤਨਖਾਹ ਸਕੇਲ ਦੇ ਬਣਦੇ 40% ਏਰੀਅਰ ਦੀ ਅਦਾਇਗੀ ਮਈ ਮਹੀਨੇ ਵਿਚ ਕਰਨ ਦੇ ਆਦੇਸ ਜਾਰੀ ਕੀਤੇ ਹਨ। ਕਮੇਟੀ ਨੂੰ ਇਹ ਵੀ ਸੂਚਿਤ ਕੀਤਾ ਗਿਆ ਕਿ ਸਾਲ 2010-11 ਵਿਚ ਗਮਾਡਾ ਨੂੰ ਲਾਭ ਹੋਣ ਦੀ ਆਸ ਹੈ ਅਤੇ ਲਾਭ ਰਾਸੀ ਤੇ ਦਫਤਰ ਨੂੰ ਆਮਦਨ ਕਰ ਜਮ੍ਹਾ ਕਰਵਾਉਣਾ ਪਵੇਗਾ । ਜੇਕਰ ਗਮਾਡਾ ਵੱਲੋ ਏਰੀਅਰ ਦੀ ਅਦਾਇਗੀ ਮਾਰਚ ਮਹੀਨੇ ਵਿਚ ਕੀਤੀ ਜਾਂਦੀ ਹੈ ਤਾਂ ਦਿੱਤੀ ਜਾਣ ਵਾਲੀ ਰਕਮ ਤੇ ਇਨਕਮ ਟੈਕਸ ਦਾ ਰਿਬੇਟ ਮਿਲ ਜਾਵੇਗਾ ਜਿਸ ਨਾਲ ਦਫਤਰ ਨੂੰ ਵਿੱਤੀ ਲਾਭ ਹੋਵੇਗਾ । ਕਮੇਟੀ ਨੇ ਸਾਰੇ ਪਹਿਲੂਆਂ ਤੇ ਵਿਚਾਰ ਕਰਨ ਉਪਰੰਤ ਸਰਵ ਸੰਮਤੀ ਨਾਲ ਬਣਦੇ ਏਰੀਅਰ ਦੀ 40% ਰਕਮ ਦੀ ਅਦਾਇਗੀ ਮਾਰਚ ਮਹੀਨੇ ਵਿੱਚ ਕਰਨ ਦੀ ਪ੍ਰਵਾਨਗੀ ਦੇ ਦਿੱਤੀ ।

ਮੀਟਿੰਗ ਮਾਨਯੋਗ ਚੇਅਰਮੈਨ ਜੀ ਦੇ ਧੰਨਵਾਦ ਦੇ ਮਤੇ ਨਾਲ ਸਮਾਪਤ ਹੋਈ ।

ਮੁੱਖ ਸਕੱਤਰ, ਪੰਜਾਬ

Scanned by CamScanner